ਭਿੰਡਰਾਂਵਾਲਾ ਹੋਰ

(ਨਵੀਂ ਛਪੀ ਕਿਤਾਬ ‘ਧਰਮ ਯੁੱਧ’ ਵਿੱਚੋਂ) ਸ਼ੁਕਹਦਏਵਪ ਸ਼ਨਿਗਹ ਭੳਰਨੳਲੳ
ਓ-ਮੳਲਿ:ਬੳੳਗਣਏੲ੍ੳਹੋ.ਚੋਮ
ੰਬ:੦੦੯੧ ੯੮੭੮੬੮੬੬੮੪

ਤੂੰ ਕਾਹਤੋਂ ਤੁਰ ਗਿਆ ਸੂਰਿਆ
ਅਜੇ ਮੈਨੂੰ ਸੀ ਤੇਰੀ ਲੋੜ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਮੇਰੀ ਕੁੱਖੋਂ ਜੰਮੇ ਬਦਲ ਗਏ
ਮੇਰਾ ਟੁੱਟ ਗਿਆ ਅੱਜ ਮਾਣ
ਇੱਥੇ ਭਈਏ ਵੇਖ ਬਿਹਾਰ ਦੇ
ਮੇਰੀ ਹਿੱਕ ਤੇ ਥੁੱਕਦੇ ਪਾਨ
ਸਭ ਕੁਰਸੀ ਦੇ ਪੁੱਤ ਬਣ ਗਏ
ਮੇਰਾ ਕੋਈ ਨਹੀਂ ਸੁਣਦਾ ਸ਼ੋਰ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਮੇਰੀ ਹਿੱਕ ਤੇ ਵੇਖ ਲੈ ਵਗਦੇ
ਅੱਜ ਨਸ਼ਿਆਂ ਦੇ ਦਰਿਆ
ਸੀ ਮੈਂ ਵਸਦੀ ਗੁਰਾਂ ਦੇ ਨਾਮ ਤੇ
ਮੈਨੂੰ ਪਖੰਡੀਆਂ ਘੇਰ ਲਿਆ
ਮੈਨੂੰ ਨੋਚ-ਨੋਚ ਕੇ ਖਾ ਗਏ
ਇਹ ਚਿੱਟ ਕੱਪੜੀਏ ਚੋਰ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਮੇਰੇ ਪੁੱਤਰ ਕੋਹ-ਕੋਹ ਮਾਰ ਤੇ
ਇਥੇ ਘਰ-ਘਰ ਮੱਚਿਆ ਕਹਿਰ
ਮੇਰੀਆਂ ਧੀਆਂ ਵਿਧਵਾ ਰੋਂਦੀਆਂ
ਇਥੇ ਜੰਮੇ ਨਵੇਂ ਓਡਵਾਇਰ
ਆ ਕੇ ਇੱਜ਼ਤ ਰੱਖ ਲੈ ਯੋਧਿਆ
ਮੇਰਾ ਚਲਦਾ ਨਹੀਂ ਕੋਈ ਜ਼ੋਰ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ
ਸੀ ਮੈਂ ਮਾਲਕ ਪੰਜ ਦਰਿਆ ਦੀ
ਅੱਜ ਖੁੱਸੀ ਮੇਰੀ ਸ਼ਾਨ

ਸੰਨ '੪੭' ਵੇਲੇ ਖੇਡ ਗਏ
ਮੇਰੀ ਇੱਜ਼ਤ ਨਾਲ ਸ਼ੈਤਾਨ
'੬੬' ਚ ਜਾ ਕੇ ਸੰਭਲੀ
ਦਿੱਤਾ ਅੰਗ-ਅੰਗ ਪਰ ਤੋੜ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਫਿਰ ਗਰਜ਼ਿਆ ਤੂੰ ਜਦੋਂ ਯੋਧਿਆ
ਮੇਰੇ ਮੁੱਕ ਗਏ ਫ਼ਿਕਰ ਤਮਾਮ
ਸ਼ੇਰ ਮੇਰਾ ਗਿਣ-ਗਿਣ ਲੈ ਲਊ ਬਦਲੇ
ਲੈ ਕੇ ਆਪਣੇ ਹੱਥ ਲਗਾਮ
ਪਰ ਤੂੰ ਹੱਸ ਸ਼ਹੀਦੀ ਪਾ ਗਿਆ
ਵੈਰੀਆਂ ਪਾਪ ਕਮਾਇਆ ਘੋਰ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਤੈਨੂੰ ਗਿੱਠ-ਗਿੱਠ ਚੜੀਆਂ ਲਾਲੀਆਂ
ਸੀ ਸ਼ਹੀਦ ਹੋਣ ਦਾ ਚਾਅ
ਦਾਗ਼ ਨਾ ਲਾਇਆ ਕੁੱਖ ਨੂੰ
ਦਿੱਤਾ ਇਤਿਹਾਸ ਦੁਹਰਾਅ
ਵੇ ਮੈਨੂੰ ਮੁੜ-ਮੁੜ ਚੇਤੇ ਆਵਦੇ
ਤੇਰੇ ਸੀਨਾਂ ਵਿੰਨ੍ਹਦੇ ਬੋਲ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਮੇਰੇ ਪੁੱਤ ਹਜ਼ਾਰਾਂ ਯੋਧਿਆ
ਇੱਥੇ ਜੇਲ੍ਹੀਂ ਦਿੱਤੇ ਤਾੜ
ਉਹ ਅੰਦਰੇ ਬੁੱਢੇ ਹੋ ਗਏ
ਕਈ ਗੁਜਰੇ ਮਾਘ ਤੇ ਹਾੜ
ਮੈਂ ਗੋਤੇ ਖਾਂਦੀ ਸੂਰਿਆ
ਮੇਰੀ ਕੋਈ ਨਹੀਂ ਫੜਦਾ ਡੋਰ
ਮੈਂ ਕਿੱਥੋਂ ਲਿਆਵਾਂ ਲੱਭ ਕੇ
ਅੱਜ ਭਿੰਡਰਾਂਵਾਲਾ ਹੋਰ
ਵੇ ਮੈਂ ਰੋਂਦੀ ਧਰਤ ਪੰਜਾਬ ਦੀ

ਸਇਣ ਟਹਸਿ ਪੋਇਮ ੋਨ ਾਾ.ਪੁੳਨਟਹਚਿੋ.ਰਗ